BS/2110

5226/NH

ਕੁੱਲ ਅੰਕ- 75

ਪਾਸ ਅੰਕ - 26

ਸਮਾਂ - ਤਿੰਨ ਘੰਟੇ

[redacted]

ਸਮੈਸਟਰ-ਤੀਜਾ

1. ਨਾਵਲ 'ਇੱਕ ਮਿਆਨ ਦੋ ਤਲਵਾਰਾਂ' ਦੇ ਵਿਸ਼ਾ ਪੱਖ ਤੇ ਚਰਚਾ ਕਰੋ।

ਜਾਂ

'ਇੱਕ ਮਿਆਨ ਦੋ ਤਲਵਾਰਾ' ਨਾਵਲ ਦਾ ਸੰਖੇਪ ਸਾਰ ਲਿਖੋ। 12

2. ਕਿਸੇ ਇਕ ਪਾਤਰ ਦਾ ਪਾਤਰ ਚਿੱਤਰਨ ਕਰੋ:

ਦਿਆਲਾ, ਰੁਘਬੀਰ ਕੌਰ, ਸੁਖਦੇਵ ਸਿੰਘ 12

3. ਆਪਣੇ ਰਾਜ ਦੇ ਵਿੱਦਿਆ ਮੰਤਰੀ ਨੂੰ ਇੱਕ ਚਿੱਠੀ ਰਾਹੀਂ ਇਹ ਬੇਨਤੀ ਕਰੋ ਕਿ ਤੁਹਾਡੇ ਇਲਾਕੇ ਵਿੱਚ ਇੱਕ ਕਾਲਜ ਖੋਲਿਆ ਜਾਵੇ।

ਜਾਂ

ਕਿਸੇ ਅਖ਼ਬਾਰ ਦੇ ਸੰਪਾਦਕ ਨੂੰ ਪੱਤਰ ਲਿਖੋ ਕਿ ਕੀਟਨਾਸ਼ਕ ਦਵਾਈਆਂ ਦਾ ਸਾਡੀ ਸਿਹਤ ਤੇ ਬੁਰਾ ਪ੍ਰਭਾਵ ਪੈਂਦਾ ਹੈ। 9

4. ਵਾਕ ਨੂੰ ਪਰਿਭਾਸ਼ਿਤ ਕਰਦੇ ਹੋਏ, ਵਾਕ ਦੀਆਂ ਕਿਸਮਾਂ ਬਾਰੇ ਜਾਣਕਾਰੀ ਦਿਓ।

ਜਾਂ

ਉਪਵਾਕ ਦੀ ਪਰਿਭਾਸ਼ਾ ਲਿਖੋ ਤੇ ਉਪਵਾਕ ਦੀ ਬਣਤਰ ਬਾਰੇ ਜਾਣਕਾਰੀ ਦਿੰਦੇ ਹੋਏ ਇਸ ਦੀਆਂ ਕਿਸਮਾਂ ਬਾਰੇ ਜਾਣਕਾਰੀ ਦਿਉ। 12

**5. ਹੇਠ ਲਿਖੇ ਪ੍ਰਸ਼ਨਾਂ ਦੇ ਸੰਖੇਪ ਉੱਤਰ ਦਿਓ :**

1. ਨਾਨਕ ਸਿੰਘ ਦੇ ਕਿਸ ਨਾਵਲ ਦੀ ਕਹਾਣੀ ਦੇ ਆਧਾਰ ਤੇ ਫਿਲਮ ਬਣੀ ਹੋਈ ਹੈ ?
2. ਨਾਨਕ ਸਿੰਘ ਦੇ ਕਿਸੇ ਦੋ ਨਾਵਲਾਂ ਦੇ ਨਾਂ ਲਿਖੋ ?
3. ਬੀਰੀ ਕੌਣ ਹੈ ਤੇ ਉਸ ਦਾ ਅਸਲੀ ਨਾਂ ਕੀ ਹੈ ?
4. ਕਰਤਾਰ ਸਿੰਘ ਸਰਾਭਾ ਕਿਸ ਨੂੰ ਆਪਣੀ ਮੰਗੇਤਰ ਆਖਦਾ ਹੈ ?
5. ਦਿਆਲੇ ਦੇ ਮਾਤਾ- ਪਿਤਾ ਦੀ ਮੌਤ ਕਿਸ ਤਰ੍ਹਾਂ ਹੋਈ ਸੀ ?
6. ਨਾਵਲ "ਇੱਕ ਮਿਆਨ ਦੋ ਤਲਵਾਰਾਂ" ਵਿਚਲੇ ਇਤਿਹਾਸਕ ਪਾਤਰਾਂ ਦੇ ਨਾਂ ਲਿਖੋ ?
7. ਮੂਲ ਸ਼ਬਦ ਕੀ ਹੁੰਦਾ ਹੈ ?
8. ਆਗਿਆਵਾਚੀ ਵਾਕ ਕੀ ਹੁੰਦਾ ਹੈ ?
9. ਮੁੱਖ ਉਪਵਾਕ ਜਾਂ ਸਵਾਧੀਨ ਉਪਵਾਕ ਤੋਂ ਕੀ ਭਾਵ ਹੈ ?
10. ਸਧਾਰਨ ਵਾਕ ਦੀ ਬਣਤਰ ਕਿਸ ਦੇ ਬਰਾਬਰ ਦੀ ਹੁੰਦੀ ਹੈ ?
11. ਵਿਕਾਰੀ ਤੇ ਅਵਿਕਾਰੀ ਸ਼ਬਦ ਵਿੱਚ ਕੀ ਅੰਤਰ ਹੈ ?
12. ਉਦੇਸ਼ ਤੋਂ ਕੀ ਭਾਵ ਹੈ ?
13. ਕੀ ਇੱਕ ਮਿਆਨ ਦੋ ਤਲਵਾਰਾਂ ਨਾਵਲ ਦਾ ਸਿਰਲੇਖ ਢੁੱਕਵਾਂ ਹੈ ?
14. ਗਦਰ ਪਾਰਟੀ ਕਦੋਂ ਤੇ ਕਿਥੇ ਹੋਂਦ ਵਿੱਚ ਆਈ ?
15. ਸੰਯੁਕਤ ਵਾਕ ਕਿਸ ਨੂੰ ਆਖਿਆ ਜਾਂਦਾ ਹੈ ?

**15×2=30**